9

# ਦੁਆ ਕੋਈ ਛੋਟੀ ਨਹੀਂ ਹੁੰਦੀ

ਦੁਆ ਵਿਚ ਸਭ ਦਾ ਯਕੀਨ ਹੁੰਦਾ ਹੈ ... ਦੁਆ ਤੇ ਸਭ ਲੋਕ ਸ਼ੱਕ ਕਰਦੇ ਹਨ ... ਕੁਝ ਲੋਕ ਦੁਆ ਨੂੰ ਸਿਰਫ਼ ਆਤਮਸੁਝਾਅ ਮੰਨਦੇ ਹਨ; ਦੂਜੇ ਇਸ ਨੂੰ ਇਕ ਸ਼ਕਤੀਸ਼ਾਲੀ ਚਮਤਕਾਰ ਦੇ ਰੂਪ ਵਿਚ ਵੇਖਦੇ ਹਨ; ਅਜਿਹੇ ਵੀ ਹਨ ਜਿਹੜੇ ਦੋਵੇਂ ਗੱਲਾਂ ਮੰਨਦੇ ਹਨ। ਅੱਜ ਦੁਆ ਤੇ ਸਭ ਲੋਕਾਂ ਦਾ ਕੁਝ ਨਾ ਕੁਝ ਵਿਸ਼ਵਾਸ ਜ਼ਰੂਰ ਹੈ। ਭਾਵੁਕਤਾ ਤੋਂ ਲੈ ਕੇ ਉਦਾਸੀਨ ਤਰਕ ਤਕ, ਕਿਵੇਂ ਵੀ ਹੋਵੇ ਲੋਕ ਦੁਆ ਜ਼ਰੂਰ ਕਰਦੇ ਹਨ। ਇਕ ਪ੍ਰਚਾਰਕ ਕਿਸੇ ਹਸਪਤਾਲ ਵਿਚ ਇਕ ਬੀਮਾਰ ਦੀ ਸੇਵਾ ਕਰਕੇ ਆਪਣਾ ਫ਼ਰਜ਼ ਨਿਭਾ ਰਿਹਾ ਸੀ। ਕਲੀਸੀਆ ਦੇ ਇਕ ਮੈਂਬਰ ਨੇ ਜਿਸਦਾ ਕੋਈ ਵੱਡਾ ਅਪ੍ਰੇਸ਼ਨ ਹੋਣ ਵਾਲਾ ਸੀ, ਉਸਦੇ ਕੰਨ ਵਿਚ ਕਿਹਾ, ''ਭਾਈ ਜੀ ਤੁਸੀਂ ਮੇਰੇ ਲਈ ਛੋਟੀ ਜਿਹੀ ਦੁਆ ਕਰ ਦਿਓ।'' ਪ੍ਰਚਾਰਕ ਨੇ ਇਹ ਕਹਿੰਦਿਆਂ ਕਿ *''ਨਹੀਂ! ਮੈਂ ਨਹੀਂ ਕਰਾਂਗਾ।* ਦੁਆ ਕੋਈ ਛੋਟੀ ਨਹੀਂ ਹੁੰਦੀ,'' ਉਸ ਨੂੰ ਅਜਿਹਾ ਹਲੂਣਾ ਦਿੱਤਾ ਕਿ ਜਿਵੇਂ ਉਹ ਚੰਗਾ ਹੋ ਗਿਆ ਹੋਵੇ। *ਆਮੀਨ!* ਜਮਾਤ ਦੇ ਇਕੱਠ ਵਿਚ ਕੀਤੀਆਂ ਗਈਆਂ ਉਪਰੀਆਂ ਦੁਆਵਾਂ ਮੈਨੂੰ ਪਰੇਸ਼ਾਨ ਕਰਦੀਆਂ ਹਨ; ਪਰ ਇਨ੍ਹਾਂ ਦਾ ਅਸਰ ਹੋ ਸਕਦਾ ਹੈ, ਇਸ ਲਈ ਇਹ ਦੁਆਵਾਂ ਹੋਣੀਆਂ ਚਾਹੀਦੀਆਂ ਹਨ। ਖ਼ੁਦਾ ਨੂੰ ਸਾਡੀ ਜ਼ਿੰਦਗੀ ਵਿਚ ਆਉਣ ਦੀ ਇਜਾਜ਼ਤ ਮਿਲਣੀ ਚਾਹਿਦੀ ਹੈ। ਸਾਨੂੰ ਸਭ ਨੂੰ ਉਸ ਆਦਮੀ ਨਾਲ ਹਮਦਰਦੀ ਹੈ, ਜਿਸਦਾ ਅਪਰੇਸ਼ਨ ਹੋਣ ਵਾਲਾ ਸੀ, ਪਰ ਉਸ ਨੇ ਦੋ ਗੰਭੀਰ ਗ਼ਲਤੀਆਂ ਕੀਤੀਆਂ। (1) ਉਹ ਆਪਣੀ ਬੀਮਾਰੀ ਦਾ ਗੰਭੀਰਤਾ ਨਾਲ ਸਾਹਮਣਾ ਨਹੀਂ ਕਰ ਸਕਿਆ ਅਤੇ (2) ਉਹ ਦੁਆ ਵਿਚ ਵਿਸ਼ਵਾਸ ਨਾਲ ਖ਼ੁਦਾ ਦੇ ਸਾਹਮਣੇ ਨਹੀਂ ਆ ਸਕਿਆ। ਦੁਆ ਕੋਈ ਚਮਤਕਾਰ ਨਹੀਂ ਹੈ। ਦੁਆ ਰਹੱਸਵਾਦ ਨਹੀਂ ਹੈ। ਦੁਆ ਜਾਦੂ ਦੀ ਛੜੀ ਨਹੀਂ ਹੈ। ਦੁਆ ਪ੍ਰਾਚੀਨ ਅੰਧਵਿਸ਼ਵਾਸ ਵੀ ਨਹੀਂ ਹੈ।

ਦੁਆ ਖ਼ੁਦਾ ... ਰਚਣਹਾਰੇ, ਮੁਕਤੀਦਾਤੇ, ਨਿਆਂ ਕਰਨ ਵਾਲੇ ਨੂੰ ਪੁਕਾਰਦੀ ਹੈ। ਦੁਆ ਨੂੰ ਖ਼ੁਸ਼ਕਿਸਮਤੀ ਜਾਂ ਭਾਗ ਨਹੀਂ ਕਿਹਾ ਜਾ ਸਕਦਾ। ਮੈਂ ਨਹੀਂ ਜਾਣਦਾ ਹਾਂ ਕਿ ਬੀਮਾਰ ਲੋਕਾਂ ਦੀਆਂ ਕੀ ਲੋੜਾਂ ਹਨ, ਤਾਂ ਵੀ ਜਦ ਉਹ ਛੋਟੀ ਜਿਹੀ ਦੁਆ ਕਰਨ ਲਈ ਕਹਿੰਦੇ ਹਨ ਤਾਂ ਮੈਂ ਡਰ ਜਾਂਦਾ ਹਾਂ। ਦੁਆ ਨੂੰ ਬਿਨਾਂ ਅਕਾਰ ਵਾਲੀ ਇਕ ਮੂਰਤੀ ਨਹੀਂ ਬਣਾਉਣਾ ਚਾਹੀਦਾ। ਸਾਨੂੰ ਦੁਆ ਨੂੰ ''ਭੱਜਦੇ ਹੋਏ ਦੁਆ'' ਜਾਂ ''ਬੇਨਤੀ ਕਰਕੇ ਦੁਆ'' ਨਾਲ ਨਾਪਾਕ ਨਹੀਂ ਕਰਨਾ ਚਾਹੀਦਾ। ਜ਼ਿੰਦਗੀ ਹੋਵੇ ਜਾਂ ਦੁਆ ਬਹੁਤ ਕੁਝ ਦਾਉ ਤੇ ਲੱਗਿਆ ਹੈ। (ਅਸੀਂ ਖ਼ੁਦਾ ਨਾਲ ਵਿਹਾਰ ਕਰ ਰਹੇ ਹਾਂ।) ਸਿਕੰਦਰੀਆ ਦੇ ਕਲੇਮੇਂਟ ਨੇ ਦੁਆ ਨੂੰ ''ਖ਼ੁਦਾ ਨਾਲ ਸੰਗਤੀ ਰੱਖਣਾ'' ਕਿਹਾ ਹੈ। ''ਛੋਟੀ ਜਿਹੀ ਦੁਆ'' ਨੂੰ ਦੁਹਰਾਓ ਨਹੀਂ; ਬਲਕਿ ਟੁੱਟੇ ਹੋਏ ਮਨ ਨਾਲ, ਜ਼ਿੰਦਾ ਖ਼ੁਦਾ ਦੇ ਅੱਗੇ ਗਿੜਗਿੜਾਓ। ਸਾਨੂੰ ਇਕ ਦੂਜੇ ਲਈ ਦੁਆ ਕਰਨੀ ਚਾਹੀਦੀ ਹੈ (ਯਾਕੂਬ 5); ਪਰ ''ਛੋਟੀ ਜਿਹੀ ਦੁਆ ਕਰਨ'' ਦੀ ਬੇਨਤੀ ਬਹੁਤ ਵਾਰ ਜ਼ਿੰਦਾ ਖ਼ੁਦਾ ਅੱਗੇ ਕੀਤੀ ਜਾਂਦੀ ਹੈ! ਹਾਂ, ਮੈਂ ਹਸਪਤਾਲ ਵਿਚ ਦੁਆ ਕਰਦਾ ਹਾਂ (ਉਦੋਂ ਵੀ ਜਦੋਂ ਉਹ ਨਹੀਂ ਕਹਿੰਦੇ)। ਦੁਆ ਪ੍ਰੇਮ ਹੈ। ਹਸਪਤਾਲ ਉਪਦੇਸ਼ ਦੇਣ ਜਾਂ ਝਿੜਕਣ ਦੀ ਥਾਂ ਨਹੀਂ ਹੈ। ਖ਼ੁਦਾ ਦਾ ਸ਼ੁਕਰ ਹੋਵੇ ਕਿ ਬਿਮਾਰ ਲਈ ਦੁਆ ਸਿਰਫ਼ ਪ੍ਰਚਾਰਕ ਹੀ ਨਹੀਂ ਕਰ ਸਕਦੇ। ਦੁਆ ਲਈ ਕਿਸੇ ਨੂੰ ਕੋਈ ਖ਼ਾਸ ਗੁਪਤ ਕੋਡ ਨਹੀਂ ਦਿੱਤਾ ਜਾਂਦਾ। ਸਾਰੇ ਭਰਾ ਸਾਰੇ ਭਰਾਵਾਂ ਲਈ ਦੁਆ ਕਰ ਸਕਦੇ ਹਨ। ਯਾਕੂਬ ਨੇ ''ਪ੍ਰਚਾਰਕ'' ਨੂੰ ਨਹੀਂ ਬਲਕਿ ''ਬਜ਼ੁਰਗਾਂ ਨੂੰ ਬੁਲਾਉਣ'' ਲਈ ਕਿਹਾ ਹੈ। ਖ਼ੁਦਾ ਨੂੰ ਬੀਮਾਰ ਆਦਮੀ ਵਿਚ ਦਿਲਚਸਪੀ ਹੈ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੀ ਮਸੀਹੀਅਤ ਦਾ ਸਬੂਤ ਦੁਆ ਦੇ ਜਵਾਬ ਮਿਲਣ ਤੇ ਸਾਡੇ ਪਰਮ ਅਨੁਭਵ ਜਾਂ ਘਟਨਾਵਾਂ ਤੇ ਨਹੀਂ ਹੈ। ਕਈ ਵਾਰ

ਅਸੀਂ ਦੁਆ ਕਰਦੇ ਹਾਂ ਅਤੇ ਲੋਕ ਠੀਕ ਹੋ ਜਾਂਦੇ ਹਨ; ਕਈ ਵਾਰ ਅਸੀਂ ਦੁਆ ਕਰਦੇ ਹਾਂ ਤਾਂ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਦੁਆ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਹਸਪਤਾਲ ਜਾਣ ਲਈ ਦੋ ਨਿਅਮਾਂ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈः (1) ਵਿਖਾਈ ਦਿਓ, ਅਤੇ (2) ਮੂੰਹ ਬੰਦ ਰੱਖੋ। ਤੁਸੀਂ ਹੋ, ਅਤੇ ਖ਼ੁਦਾ ਹੈ। *ਅਨੰਦਿਤ ਹੋਵੋ!*

ਮੰਗੋ, ਲੱਭੋ ਅਤੇ ਖਟਖਟਾਓ, ਕਿਉਂਕਿ ਖ਼ੁਦਾ ਹੈ! ਹਸਪਤਾਲ ਵਿਚ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਦਵਾਈ ਦੀ ਗੱਲ ਵੱਲ ਧਿਆਨ ਦਿੰਦੇ ਹਨ। ਹੋ ਸਕਦਾ ਹੈ ਕਿ ਬਿਮਾਰੀ ਦਾ ਅੰਤ ਦਵਾਈ ਨਾਲ ਹੋਵੇ, ਖ਼ੁਦਾ ਨਾਲ ਨਹੀਂ। ਡਾਕਟਰ ਖ਼ੁਦਾ ਨਹੀਂ ਹੈ। ਡਾਕਟਰ ਇਲਾਜ ਕਰਦੇ ਹਨ, ਚੰਗਿਆਈ ਖ਼ੁਦਾ ਹੀ ਦਿੰਦਾ ਹੈ। ਸਾਡੇ ਵਿੱਚੋਂ ਬਹੁਤ ਸਾਰੇ ਦੁਆ ਕਰਦੇ ਹਨ ਕਿ ਪਰਿਵਾਰ ਬੁਰੇ ਹਾਲਾਤ ਨੂੰ ਸਹਿ ਸਕੇ। ਦੁਆ ਕਰੋ ਕਿ ਬਿਮਾਰ ਚੰਗਾ ਹੋ ਜਾਵੇ ਅਤੇ ਫਿਰ ਪਰਿਵਾਰ ਲਈ ਦੁਆ ਕਰੋ। ਪਰਿਵਾਰ ਨੂੰ ਉਪਦੇਸ਼ ਨਾ ਦੇਣ ਲਗ ਜਾਵੋ, ਚਾਹੇ ਉਹ ਕਮਜ਼ੋਰ ਵਿਸ਼ਵਾਸ ਵਾਲੇ ਅਤੇ ਭਟਕਣ ਵਾਲੇ ਹੀ ਹੋਣ। ਦੁਆ ''ਕੰਨ ਖੋਲ੍ਹਣ ਦਾ ਮੰਚ'' ਨਹੀਂ ਹੈ। ਬੀਮਾਰ ਲਈ ਖ਼ੁਦਾ ਅੱਗੇ ਦੁਆ ਕਰੋ। ਫਿਰ ਭਾਵੇਂ ਉਸ ਦੀ ਮੌਤ ਹੋ ਜਾਵੇ, ਤਾਂ ਦਾਊਦ ਵਾਂਗ ਖ਼ੁਦਾ ਦੀ ਮਰਜ਼ੀ ਨੂੰ ਮੰਨ ਲਓ। ਅਸੀਂ ਦੁਆ ਕਿਉਂ ਕਰਦੇ ਹਾਂ? ਕਿਉਂਕਿ ਖ਼ੁਦਾ ਦੁਆ ਦਾ ਜਵਾਬ ਦਿੰਦਾ ਹੈ। ਦੁਆ ਉਤਸ਼ਾਹੀਨ ਖੋਜੀਆਂ ਲਈ ਨਹੀਂ ਹੈ। ਦੁਆ ਖ਼ੁਦਾ ਅੱਗੇ ਵਿਸ਼ਵਾਸ ਨਾਲ ਕੀਤੀ ਜਾਂਦੀ ਹੈ।

ਜਿੱਥੇ ਕੋਈ ਕਮਜ਼ੋਰੀ ਨਹੀਂ ਹੈ, ਉੱਥੇ ਖ਼ੁਦਾ ਦੀ ਸਮਰੱਥਾ ਲਈ ਕੋਈ ਲੋੜ ਨਹੀਂ ਹੈ। ਇਕ ਛੋਟਾ ਬੱਚਾ ਭੱਦੀ ਤਸਵੀਰ ਨਹੀਂ ਬਣਾ ਸਕਦਾ। ਅਸੀਂ ਉਸ ਬੱਚੇ ਦੀ ਕੋਸ਼ਿਸ਼ ਕਰਕੇ ਉਸ ਬੱਚੇ ਤੇ ਫ਼ਖ਼ਰ ਕਰਦੇ ਹਾਂ। ਕੋਈ ਵਿਸ਼ਵਾਸੀ ਮਸੀਹੀ ਭਗਤੀ ਭਰਿਆ ਹੋ ਕੇ ਬੁਰੀ ਦੁਆ ਨਹੀਂ ਕਰ ਸਕਦਾ। *ਦੁਆ ਕਰੋ!* ਅਗਿਆਨਤਾ, ਮੂਰਤੀਪੂਜਾ ਅਤੇ ਸੁਆਰਥ ਵਿੱਚੋਂ ਨਿੱਕਲ ਕੇ ਦੁਆ ਕਰੋ। ਉਦੋਂ ਵੀ ਦੁਆ ਕਰੋ ਜਦ ਹਾਲਾਤ ਬਦਤਰ ਹੋਣ। *ਕਿਉਂ? ਕਿਉਂਕਿ ਦੁਆ ਕੋਈ ਛੋਟੀ ਨਹੀਂ ਹੁੰਦੀ।* ਗੋਡਿਆਂ ਭਾਰ ਹੋ ਕੇ ... ਪੰਜਿਆਂ ਭਾਰ ਹੋ ਕੇ ਦੁਆ ਕਰੋ ਅਤੇ ਖ਼ੁਦਾ ਦੀ ਵਡਿਆਈ ਦੀ ਉਡੀਕ ਕਰੋ!